# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **8.11.2019**

# ਦੀ ਕਾਰਵਾਈ

(ਮਤਾ ਨੰ: **169-183**)

**ਮਤਾ ਨੰਬਰ:-169**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 26.09.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 26.9.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

- ਪਿਛਲੀ ਮੀਟਿੰਗ ਦੇ ਅਜੰਡੇ ਦੀ ਮੱਦ ਨੰ: 138 ਦੇ ਲੜੀ ਨੰ:1 ਦੇ ਟੈਂਡਰ ਬਾਬਤ ਡੀ.ਸੀ.ਐਫ.ਏ.(ਆਰ) ਵਲੋ ਘੋਖਣ ਉਪਰੰਤ ਰਿਪੋਰਟ ਦੇਣ ਨੂੰ ਕਿਹਾ ਗਿਆ ਸੀ ਜਿਹੜੀ ਕਿ ਹੁਣ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇਗੀ ।
- ਪਿਛਲੀ ਮੀਟਿੰਗ ਦੇ ਅਜੰਡੇ ਦੀ ਮੱਦ ਨੰ: 147 ਬਾਬਤ ਡੀ.ਸੀ.ਐਫ.ਏ.(ਆਰ) ਅਤੇ (ਵੀ) ਵਲੋ ਘੋਖਣ ਉਪਰੰਤ ਰਿਪੋਰਟ ਦੇਣ ਨੂੰ ਕਿਹਾ ਗਿਆ ਸੀ ਜਿਹੜੀ ਕਿ ਹੁਣ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇਗੀ ।
- ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਆਸ਼ਵਸਤ ਕੀਤਾ ਗਿਆ ਕਿ ਸੂਰਿਯਾ ਇਨਕਲੇਵ ਵਿਖੇ ਮੈਨਹੋਲ ਦੀ ਲੀਕੇਜ਼ ਸਬੰਧੀ ਤਖ਼ਮੀਨਾ ਤਿਆਰ ਕਰਕੇ ਜਲਦ ਪੇਸ਼ ਕੀਤਾ ਜਾਵੇਗਾ ।
- ਨਿਗਮ ਦਫ਼ਤਰ ਅੰਦਰ ਤੈਨਾਤ ਜਿੰਨੇ ਵੀ ਸੀਵਰਮੈਨ ਹਨ, ਨੂੰ ਵਾਰਡ ਵਾਈਜ਼ ਰੋਡ ਗਲੀਆਂ ਦੀ ਸਫਾਈ ਹਿੱਤ ਦਫ਼ਤਰੀ ਹੁਕਮ ਜਾਰੀ ਕਰਨ ਹਿੱਤ ਸਹਾਇਕ ਕਮਿਸ਼ਨਰ(ਆਰ) ਨੂੰ ਹਦਾਇਤ ਕੀਤੀ ਗਈ ਕਿ ਜ਼ੋਨ ਵਾਈਜ਼ ਅਜਿਹੇ ਸੀਵਰਮੈਨਾਂ ਦੀ ਤੈਨਾਤੀ ਨਿਗਰਾਨ ਇੰਜੀਨਿਅਰ(ਓ ਐਂਡ ਐਮ) ਨਾਲ ਤਾਲਮੇਲ ਕਰਕੇ ਜਲਦ ਕੀਤੀ ਜਾਵੇ ਅਤੇ ਕਮੇਟੀ ਨੂੰ ਜਾਣੂ ਕਰਵਾਇਆ ਜਾਵੇ।
  ਉਪਰੋਕਤ ਤਰਤੀਮਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:-170**

ਵਿਸ਼ਾ :- P/L SDBC on Roads Near Sodal Mandir ahead of Sodal Mela. (ਅਜੰਸੀ ਨੂੰ ਡੀਬਾਰ/ਬਲੈਕ ਲਿਸਟ ਕਰਨ ਸਬੰਧੀ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਕਿ ਉਪਰੋਕਤ ਕੰਮ ਸਤੀਸ਼ ਅਗਰਵਾਲ ਐਂਡ ਕੰਪਨੀ ਨੂੰ ਵਰਕ ਆਰਡਰ ਨੰ: ਸੀ.ਈ.ਐਨ/47 ਮਿਤੀ : 05.03.2019 ਰਾਹੀ ਅਲਾਟ ਕੀਤਾ ਗਿਆ ਸੀ। ਇਸ ਕੰਮ ਨੂੰ ਪੂਰਾ ਕਰਨ ਲਈ 1 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵੱਲੋ ਤੀਸਰਾ ਅਤੇ ਅੰਤਿਮ ਨੋਟਿਸ (ਸੀ.ਈ (ਜੇ)-166 ਮਿਤੀ : 23.09.19 ਜਾਰੀ ਹੋਣ ਤੋਂ ਬਾਅਦ ਵੀ ਕੰਮ ਪੂਰਾ ਨਹੀਂ ਕੀਤਾ ਗਿਆ। ਇਸ ਕੰਮ ਦੇ ਨਾ ਹੋਣ ਕਾਰਨ ਲੋਕਾ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਠੇਕੇਦਾਰ ਦੇ ਵਿਰੁੱਧ ਬਨਦੀ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨੋਟਿਸ ਦੀਆਂ ਕਾਪੀਆਂ ਅਤੇ ਅਸਲ ਫਾਈਲ ਵਿੱਚ ਨੱਥੀ ਕੀਤੀ ਗਈ ਹੈ। ਕਾਰਜਕਾਰੀ ਇੰਜੀਨੀਅਰ ਵੱਲੋ ਲਿਖਿਆ ਹੈ ਕਿ ਕਿਉਂ ਜ਼ੋ ਏਜੰਸੀ ਨੇ ਤਿੰਨ ਨੋਟਿਸ ਜਾਰੀ ਹੋਣ ਤੋਂ ਬਾਅਦ ਵੀ ਕੰਮ ਸ਼ੁਰੂ ਨਹੀਂ ਕੀਤਾ ਹੈ ਇਸ ਲਈ ਸਬੰਧਤ ਏਜੰਸੀ ਦੇ ਵਿਰੁੱਧ ਡੀਬਾਰ/ਬਲੈਕ ਲਿਸਟ ਕਰਨ ਲਈ ਸਖ਼ਤ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ ਨੇ ਮਿਤੀ : 7.10.2019 ਰਾਹੀ ਉਪਰੋਕਤ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 11.10.2019 ਰਾਹੀ ਉਕਤ ਤਜ਼ਵੀਜ਼ ਉੱਪਰ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 15.10.2019 ਰਾਹੀ ਉਪਰੋਕਤ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਐਸ.ਈ.(ਬੀ ਐਂਡ ਆਰ) ਵਲੋਂ ਸਬੰਧਤ ਫਰਮ ਵਲੋਂ ਦਿੱਤੇ ਗਏ ਬੇਨਤੀ ਪੱਤਰ ਨੂੰ ਕਮੇਟੀ ਸਨਮੁੱਖ ਪੇਸ਼ ਕੀਤਾ ਗਿਆ ਕਿ ਫਰਮ ਵਲੋਂ ਮੁਆਫੀਨਾਮਾ ਮੰਗਿਆ ਗਿਆ ਹੈ ਅਤੇ ਮੌਕੇ ਤੇ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਹੈ । ਜਿਸ ਤੇ ਕਮੇਟੀ ਨੇ ਸਬੰਧਤ ਫਰਮ ਨੂੰ ਚੇਤਾਵਨੀ ਦਿੱਤੀ ਗਈ ਅਤੇ ਬਾਕੀ ਦੇ ਕੰਮਾਂ ਨੂੰ ਜਲਦ ਖ਼ਤਮ ਕਰਨ ਹਿੱਤ ਅਗਲੀ ਮੀਟਿੰਗ ਵਿੱਚ ਫਰਮ ਨੂੰ ਹਾਜ਼ਰ ਹੋਣ ਲਈ ਹਦਾਇਤ ਕੀਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:-171**
ਵਿਸ਼ਾ:- ਕਨਸਟਰਕਸ਼ਨ ਆਫ ਵੇਰੀਅਸ ਸੀ.ਸੀ. ਸਟਰੀਟਸ ਆਫ ਟੈਗੋਰ ਨਗਰ।(ਦੁਬਾਰਾ ਟੈਂਡਰ ਮੰਗਣ ਬਾਰੇ)

ਪੜ੍ਹਿਆ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.)ਮਿਤੀ 22.10.2018 ਕਿ ਉਪਰੋਕਤ ਵਿਸ਼ੇ ਸਬੰਧੀ ਕੰਮ ਦੇ ਪਹਿਲੀ ਵਾਰ ਟੈਂਡਰ ਐਨ.ਆਈ.ਟੀ. ਨੰ:555 ਮਿਤੀ:13.08.2019 ਰਾਹੀਂ ਮੰਗੇ ਗਏ ਸਨ। ਇਸ ਕੰਮ ਦੇ ਟੈਂਡਰ ਮਿਤੀ:19.09.2019 ਨੂੰ ਖੋਲ੍ਹੇ ਗਏ ਤੇ 3 ਟੈਂਡਰ ਪ੍ਰਾਪਤ ਹੋਏ। ਸ਼੍ਰੀ ਜਸਵਿੰਦਰਜੀਤ ਸਿੰਘ, ਠੇਕੇਦਾਰ ਦਾ ਟੈਂਡਰ ਸਭ ਤੋਂ ਘੱਟ ਰੇਟ ਦਾ ਪਾਇਆ ਗਿਆ। ਇਸ ਕੰਮ ਦੀ ਤੁਲਨਾਤਮਕ ਸੂਚੀ ਤਿਆਰ ਕਰ ਦਿੱਤੀ ਗਈ ਹੈ। ਇਸ ਕੰਮ ਦੇ ਟੈਂਡਰ ਵਿੱਚ ਤਿੰਨ ਠੇਕੇਦਾਰਾਂ ਵੱਲੋਂ ਭਾਗ ਲਿਆ ਗਿਆ ਸੀ ਜਿਸ ਵਿੱਚੋਂ ਇੱਕ ਠੇਕੇਦਾਰ ਸ਼੍ਰੀ ਸਚਿਨ ਜੈਨ, ਠੇਕੇਦਾਰ ਦੀ ਇਨਲਿਸਟਮੈਂਟ ਕੈਂਟੋਨਮੈਂਟ ਬੋਰਡ ਦੀ ਹੈ, ਸਰਕਾਰ ਦੀ ਨੋਟੀਫਿਕੇਸ਼ਨ 5/82/2018-2lg4/1892, Dt.02.08.18 ਅਨੁਸਾਰ ਇਹ ਇਨਲਿਸਟਮੈਂਟ ਵੈਲਿਡ ਨਹੀਂ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਹਿਲੀ ਵਾਰ ਮੰਗੇ ਗਏ ਟੈਂਡਰਾਂ ਵਿੱਚ ਤਿੰਨ ਸਫਲ ਟੈਂਡਰਕਾਰ ਹੋਣੇ ਜ਼ਰੂਰੀ ਹਨ। ਇਸ ਟੈਂਡਰ ਵਿੱਚ ਇੱਕ ਠੇਕੇਦਾਰ ਦੇ ਦਸਤਾਵੇਜ ਪੂਰੇ ਨਾ ਹੋਣ ਕਾਰਨ ਇਸ ਟੈਂਡਰ ਵਿੱਚ ਕੇਵਲ 2 ਸਫਲ ਟੈਂਡਰਕਾਰ ਹੀ ਬਚਦੇ ਹਨ, ਇਸ ਲਈ ਇਹ ਟੈਂਡਰ ਰੱਦ ਕਰਨਾ ਬਣਦਾ ਹੈ। ਉਪਰੋਕਤ ਨੂੰ ਮੁੱਖ ਰਖਦੇ ਹੋਏ ਇਸ ਕੰਮ ਦੇ ਪ੍ਰਾਪਤ ਟੈਂਡਰ ਟੈਂਡਰ ਰੱਦ ਕਰਕੇ ਦੁਬਾਰਾ ਟੈਂਡਰ ਮੰਗਣ ਦੀ ਪ੍ਰਵਾਨਗੀ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ ਨੇ ਮਿਤੀ : 22.10.2019 ਰਾਹੀ ਉਪਰੋਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।ਮਾਣਯੋਗ ਮੇਅਰ ਜੀ ਨੇ ਮਿਤੀ : 23.10.2019 ਰਾਹੀ ਉਪਰੋਕਤ ਤਜਵੀਜ਼ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਨ ਮੇਅਰ ਜੀ ਨੇ ਪੁੱਛਿਆ ਕਿ ਜਦ ਤਕਨੀਕੀ ਪੱਖੋਂ ਸ੍ਰੀ ਸਚਿਨ ਜੈਨ, ਠੇਕੇਦਾਰ ਦੀ ਇਨਲਿਸਟਮੈਂਟ ਵੈਲਿਡ ਨਹੀਂ ਸੀ ਤਾਂ ਵਿੱਤੀ ਬਿਡ ਕਿਓਂ ਖੋਲ੍ਹੀ ਗਈ । ਇਸ ਤੇ ਟੈਂਡਰ ਸੈਲ ਇੰਨਚਾਰਜ ਨੂੰ ਚੇਤਾਵਨੀ ਜਾਰੀ ਕਰਦੇ ਹੋਏ ਇਹ ਮੱਦ ਪ੍ਰਵਾਨ ਕੀਤੀ ਜਾਂਦੀ ਹੈ ।ਅੱਗੇ ਤੋਂ ਕੁਤਾਹੀ ਕਰਨ ਵਾਲਾ ਅਨੁਸ਼ਾਸ਼ਕੀ ਕਾਰਵਾਈ ਦਾ ਭਾਗੀਦਾਰ ਹੋਵੇਗਾ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:-172**

ਵਿਸ਼ਾ :- ਕਨਸਟਰਕਸ਼ਨ ਆਫ ਵੇਰੀਅਸ ਸੀ.ਸੀ. ਸਟਰੀਟਸ ਆਫ ਗੀਤਾ ਕਲੋਨੀ ਨਿਊ ਵਿਨੋਦ ਸ਼ੂਰ।(ਸੇਵਿੰਗ ਬਰਾਬਰ ਹੋਣ ਤੇ ਫੈਸਲਾ ਲੈਣ ਹਿੱਤ)

ਤਖਮੀਨਾਂ ਰੁਪਏ : 5.92 ਲੱਖ ਟੈਂਡਰ ਰਕਮ ਰੁ: 4.56 ਲੱਖ

ਪੜਿਆ ਨੋਟ ਟੈਂਡਰ ਸੈਲ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦੇ ਟੈਂਡਰ ਐਨ.ਆਈ.ਟੀ. ਨੰ: 572 ਮਿਤੀ : 18.09.2019 ਰਾਹੀ ਮੰਗੇ ਗਏ ਸਨ। ਇਸ ਕੰਮ ਦੀ ਤਕਨੀਕੀ ਬਿਡ ਮਿਤੀ: 15.10.2019 ਨੂੰ ਖੋਲ੍ਹੀ ਗਈ ਅਤੇ ਇਸ ਵਿੱਚ ਕੁੱਲ 4 ਏਜੰਸੀਆਂ ਵੱਲੋ ਭਾਗ ਲਿਆ ਗਿਆ ਸੀ। ਇਸ ਟੈਂਡਰ ਦੀ ਵਿੱਤੀ ਬਿਡ ਮਿਤੀ : 18.10.2019 ਨੂੰ ਖੋਲ੍ਹੀ ਗਈ, ਜਿਸ ਵਿੱਚ 2 ਠੇਕੇਦਾਰ ਸ਼੍ਰੀ ਪਰਮਿੰਦਰ ਸਿੰਘ, ਠੇਕੇਦਾਰ ਅਤੇ ਸ਼੍ਰੀ ਵਿਕਾਸ ਗੰਭੀਰ ਦੇ ਰੇਟ 22.99% ਸਭ ਤੋਂ ਘੱਟ ਪਾਏ ਗਏ ਸਨ। ਇਹਨਾਂ ਦੋ ਸੋਸਾਇਟੀਆਂ ਦੇ ਰੇਟ ਬਰਾਬਰ ਹਨ, ਇਸ ਲਈ ਇਸ ਟੈਂਡਰ ਤੇ ਯੋਗ ਫੈਸਲਾ ਲੈਣ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨੀਅਰ ਨੇ ਮਿਤੀ : 5.11.19 ਰਾਹੀ ਉਪਰੋਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜ਼ਵੀਜ਼ ਤੇ ਫੈਸਲਾ ਲੈਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਕਮੇਟੀ ਵਲੋਂ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਦੋਵੇਂ ਠੇਕੇਦਾਰਾਂ ਨਾਲ ਨੈਗੋਸ਼ਿਏਸ਼ਨ ਕਰਨ ਹਿੱਤ ਐਸ.ਈ.(ਬੀ ਐਂਡ ਆਰ) ਨੂੰ ਅਧਿਕਾਰਤ ਕੀਤਾ ਜਾਂਦਾ ਹੈ ਅਤੇ ਜਿਹੜਾ ਵੀ ਠੇਕੇਦਾਰ ਵੱਧ ਸੇਵਿੰਗ ਦੇਣ ਲਈ ਸਹਿਮਤੀ ਦਿੰਦਾ ਹੈ, ਤਾਂ ਉਸਦਾ ਟੈਂਡਰ ਐਸ.ਈ.(ਬੀ ਐਂਡ ਆਰ) ਵਲੋਂ ਪ੍ਰਵਾਨ ਕਰਨ ਹਿੱਤ ਕਮੇਟੀ ਅਧਿਕਾਰ ਦਿੰਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਮਤਾ ਨੰਬਰ:-173

ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | BOQ Amt | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|---|
| 1 | Gen | P/F of glass cabin on the statue of S. Beant Singh ji at BMC chowk & on the statue of S.Swaran Singh ji at PAP Chowk | 4.22 | 4.22 | 9.22% | 3.83 | Hari Const.Co. | 1 | 3 | 114(11) dt. 23.7.18 |
| 2 | 49 | P/F Dustbin in Park opposite T.V.Centre at Mahavir Marg (Swachh Bharat Grant) | 3.27 | 3.27 | 5.22% | 3.10 | Hari Const. Co. | 3 | 1 | Anticipation dt.19.5.19 |
| 3 | 35 | Const. of Room & Toilet Block at Makhdoompura | 3.35 | 3.35 | 3.51% | 3.23 | Radhe Krishna | 12 | 1 | 178(28) dt. 5.12.16 |
| 4 | 49 | P/L of cement concrete M-30 in the streets of Nivan Suraj Ganj | 46.28 | 46.28 | 3.26% | 44.77 | Rishi Beri Contractor | 1 | 3 | Anticipation dt 2.3.19 |
| 5 | Gen. | Const. of centre for composting i/e MRF compost pits and boundary wall in Village Salempur Musalmana near Shamshan Ghat. (Swachh Bharat Grant) | 20.19 | 20.19 | 2.84% | 19.62 | Rajesh Bansal contractor | 3 | 1 | Anticipation dt.3.8.19 |
| 6 | Gen | Const. of centre for composting i/e MRF compost pits MC disposal in West Constituency. (Swachh Bharat Grant) | 44.16 | 44.16 | 1.07% | 43.69 | Vikas Dhawan, Govt. Contractor | 3 | 1 | Anticipation dt.13.8.19 |
| 7 | Gen. | Const. of centre composting i/e MRF compost pits near Hand Tool office under Maqsudan Flyover. (Swachh Bharat Grant) | 44.16 | 44.16 | 0.52% | 43.93 | Hari Const. Company | 3 | 1 | Anticipation dt.31.7.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮਤੇ ਵਿੱਚ ਦਰਜ ਲੜੀ ਨੰ: 3 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰੱਖਿਆ ਜਾਂਦਾ ਹੈ ਅਤੇ ਬਾਕੀ ਦੇ ਟੈਂਡਰਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.11.2019

**ਮਤਾ ਨੰਬਰ:-**174

ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ **URBAN ENVIRONMENT IMPROVEMENT PROGRAMME** ਅਧੀਨ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|
| 1 | 75 | Const. of various cc streets of Maharaja garden | 23.00 | 24.99% | 17.25 | The Laxmi Co-op LC Society | 1st Time | 03 | Anticipation 18.9.19 |
| 2 | 5 | Const. of CC flooring in Sarabha Nagar on Pathankot road | 8.80 | 23.51% | 6.73 | Balwinder Singh | 1st Time | 05 | Anticipation 18.9.19 |
| 3 | 71 | Const. of CC streets at Amar Nagar | 14.04 | 23.11% | 10.80 | SS Engg. & Builders. | 1st Time | 04 | Anticipation 18.9.19 |
| 4 | 79 | Const of CC streets at New Sudarshan Park | 28.90 | 23.10% | 22.22 | Jaswinderjit Singh | 1st Time | 03 | Anticipation 18.9.19 |
| 5 | 5 | Const. of CC flooring in near Asha Electricals Gulmarg Colony | 4.01 | 23.01% | 3.09 | Balwinder Singh | 1st Time | 05 | Anticipation 18.9.19 |
| 6 | 71 | Const. of CC streets at New Jawala Nagar | 11.89 | 22.99% | 9.16 | Balwinder Singh | 1st Time | 04 | Anticipation 18.9.19 |
| 7 | 5 | Const. of CC flooring in Sunder Nagar | 6.45 | 21.90% | 5.04 | Balwinder Singh | 1st Time | 06 | Anticipation 18.9.19 |
| 8 | 75 | Const. of street in Rajan Nagar near Sewa kendra | 6.59 | 21.86% | 5.15 | The Shiva Co-op LC Society | 1st Time | 03 | Anticipation 18.9.19 |
| 9 | 3 | Const. of CC roads in Gadaipur | 18.67 | 20.20% | 14.82 | Balwinder Singh | 1st Time | 03 | Anticipation 18.9.19 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.11.2019

ਮਤਾ ਨੰਬਰ:-175

ਵਿਸ਼ਾ:- ਬੀ ਐਂਡ ਆਰ ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਪੜਿਆ ਨੋਟ ਟੈਂਡਰ ਸੈਲ (ਬੀ ਐਂਡ ਆਰ) ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ। ਜਿਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No | W. No | Name of Work | Est. Amt. | Saving %age | Tender Amt. | Name of Agency | Tender called (No. of times) | No. of Tender Received | House Resolution |
|---|---|---|---|---|---|---|---|---|---|
| 1 | 45 | Const. of CC streets of New Shastri Nagar and Dilbagh Nagar. | 48.95 | 23.25% | 37.57 | Gagandeep Arora, Govt. Contractor | 1st Time | 03 | 99(56) Dt. 25.6.18 |
| 2 | Gen | P/L side CC on Master Gurbanta Singh Marg. | 31.85 | 22.22% | 24.77 | Mohinder Pal, Contractor | 1st Time | 03 | Anticipation 17.9.19 |
| 3 | Gen | P/L C.Conc. M-30 Kapurthala road to 120' road junction. | 25.57 | 20.20% | 20.40 | Mohinder Pal, Contractor | 1st Time | 03 | Anticipation 17.9.19 |
| 4 | 54 | Const. of RCC road at Partap Bagh W.No.54 | 14.91 | 18.18% | 12.20 | Mohinder Pal, Contractor | 1st Time | 04 | Anticipation 17.9.19 |
| 5 | 39 | Const. of CC streets at Sidharth Nagar. | 46.60 | 17.10% | 38.63 | Balram Rai Monga | 1st Time | 06 | Anticipation 6.6.19 |
| 6 | 44 | Const of various CC streets of Nasirdin and Teliyan Mohalla W.No.44 | 10.30 | 3.99% | 9.89 | Parminder Singh | 4th Time | 01 | 99(52) Dt. 25.6.18 |
| 7 | 44 | Const. of CC street in Satra mohalla, Roar Mohalla, Gulabian Mohalla, W.No.44 | 21.35 | 3.51% | 20.60 | Parminder Singh | 4th Time | 01 | 99(53) Dt. 25.6.18 |
| 8 | 44 | Const. of various CC streets besides Lamba Bazaar (Part-B) W.No. 44 | 17.73 | 3.51% | 17.11 | Parminder Singh | 4th Time | 01 | 99(51) Dt. 25.6.18 |
| 9 | 2 | Renovation of Park in Guru Amardass Nagar | 14.78 | 6.25% | 13.86 | Radhika Contractor | 1st Time | 03 | 97(2) Dt. 25.6.18 |
| 10 | 19 | Landscaping of Park situated in Sachhar Hospital, Central Town, Jalandhar. | 1.94 | 1.22% | 1.92 | Hari Const. Company | 3rd Time | 01 | 114(2) Dt.23.7.18 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ***ਉਕਤ ਟੈਂਡਰਾਂ ਵਿੱਚੋਂ ਲੜੀ ਨੰ: 5 ਦੇ ਟੈਂਡਰ ਨੂੰ ਮਾਨਯੋਗ ਮੇਅਰ ਜੀ ਵਲੋਂ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 7.10.19 ਨੂੰ ਪਹਿਲਾਂ ਹੀ ਮੰਜ਼ੂਰੀ ਦੇ ਦਿੱਤੀ ਗਈ ਹੈ ।***

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.11.2019

ਮਤਾ ਨੰਬਰ:-176

ਵਿਸ਼ਾ:- ਸ਼ਹਿਰੀ ਵਾਤਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਡਿਵੈਲਪਮੈਂਟ ਵਰਕਸ ਦੇ ਤਖਮੀਨਿਆਂ ਦੀ ਪ੍ਰਵਾਨਗੀ ਸਬੰਧੀ। (ਈ-ਟੈਂਡਰ ਪ੍ਰਵਾਨਗੀ ਹਿੱਤ

**(ਮਾਨਯੋਗ ਵਿਧਾਇਕ ਜਲੰਧਰ ਸੈਂਟਰਲ ਸ੍ਰੀ ਰਜਿੰਦਰ ਬੇਰੀ ਜੀ)**

(ਸੰਤੋਸ਼ੀ ਨਗਰ, ਅਜੀਤ ਨਗਰ ਦੇ ਨਾਲ ਲਗਦੇ ਇਲਾਕਿਆਂ ਵਿੱਚ ਸੀਵਰ ਲਾਇਨ ਪਾਉਣ ਬਾਰੇ ਵਾਰਡ ਨੰ: 56)

ਤਖਮੀਨਾ ਰੁਪਏ 25,46,960/- ਵੈਟਿਡ ਤਖਮੀਨਾ ਰੁਪਏ 21,72,000/-
ਟੈਂਡਰ ਅਮਾਊਂਟ ਰੁਪਏ 21,02,061/-
ਕੁੱਲ ਵੈਲਿਡ ਟੈਂਡਰ 3 (ਦੂਸਰੀ ਬਾਰ) ਸੇਵਿੰਗ 3.22%
ਅਜੰਸੀ ਦਾ ਨਾਮ:- ਮੈ: ਹਰੀ ਕੰਸਟ੍ਰਕਸ਼ਨ ਕੰਪਨੀ

ਮਾਨਯੋਗ ਵਿਧਾਇਕ ਜਲੰਧਰ ਸੈਂਟਰਲ ਸ੍ਰੀ ਰਜਿੰਦਰ ਬੇਰੀ ਜੀ ਨੇ ਅਪਣੇ ਪੱਤਰ ਨੰ: JAL/1002 ਮਿਤੀ 28.01.2019 ਰਾਹੀਂ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਡਿਵੈਲਪਮੈਂਟ ਵਰਕਸ ਦੇ ਤਖਮੀਨੇ ਬਣਾਉਣ ਲਈ ਨਗਰ ਨਿਗਮ ਨੂੰ ਕਿਹਾ ਸੀ। ਨਗਰ ਨਿਗਮ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਉਪਰੋਕਤ ਪੱਤਰਾਂ ਦੇ ਹਵਾਲੇ ਵਿੱਚ ਤਖਮੀਨੈ ਤਿਆਰ ਕੀਤੇ ਗਏ ਸਨ ਅਤੇ ਨਿਗਰਾਨ ਇੰਜੀਨੀਅਰ ਓ.ਐਂਡ.ਐਮ ਦੇ ਪੱਤਰ ਨੰ: 36/CE/WS/g ਮਿਤੀ 28.06.19 ਰਾਹੀਂ ਇੰਜੀਨੀਅਰ ਇਨ ਚੀਫ ਸਥਾਨਕ ਸਰਕਾਰ ਵਿਭਾਗ ਪੰਜਾਬ ਨੂੰ ਵੈਟ ਕਰਨ ਲਈ ਭੇਜੇ ਗਏ ਸਨ। ਚੀਫ ਇੰਜੀਨੀਅਰ, ਓ.ਐਂਡ.ਐਮ ਸਥਾਨਕ ਸਰਕਾਰ ਨੇ ਅਪਣੇ ਪੱਤਰ ਨੰ: CE/2019/5748 ਮਿਤੀ 03.07.19 ਰਾਹੀਂ ਨਗਰ ਨਿਗਮ ਵੱਲੋਂ ਭੇਜੇ ਗਏ ਪੱਤਰ ਦੇ ਹਵਾਲੇ ਵਿੱਚ ਸੰਤੋਸ਼ੀ ਨਗਰ, ਅਜੀਤ ਨਗਰ ਦੇ ਨਾਲ ਲਗਦੇ ਇਲਾਕਿਆਂ ਵਿੱਚ ਸੀਵਰ ਲਾਇਨ ਪਾਉਣ ਦੇ ਤਖਮੀਨੇ ਨੂੰ ਵੈਟ ਕਰਕੇ ਰੁਪਏ 21,72,000/- ਨਗਰ ਨਿਗਮ ਨੂੰ ਭੇਜਿਆ ਗਿਆ।

ਇਸ ਤਖਮੀਨੇ ਦੀ ਪ੍ਰਵਾਨਗੀ ਕਮਿਸ਼ਨਰ ਜੀ ਅਤੇ ਮਾਨਯੋਗ ਮੇਅਰ ਜੀ ਵਲੋਂ ਮਿਤੀ 16.08.19 ਰਾਹੀਂ ਇਨਐਂਟੀਸਿਪੇਸ਼ਨ ਆਫ ਹਾਉਸ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਅਖਬਾਰਾਂ ਲਈ ਮਿਤੀ 09.10.19 ਲਈ ਈ.ਪੀ.ਐਫ ਰਜਿਸਟਰਡ ਠੇਕੇਦਾਰਾਂ ਜਾਂ ਸੂਚੀਬੱਧ ਕੋ-ਆਪ ਐਲ.ਸੀ ਸੁਸਾਈਟੀਆਂ ਤੋਂ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਕੰਮ ਦੇ ਦੂਸਰੀ ਬਾਰੀ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਮਿਤੀ 25.10.19 ਲਈ ਮੰਗੇ ਗਏ ਕੁੱਲ 3 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਹਰੀ ਕੰਸਟ੍ਰਕਸ਼ਨ ਕੰਪਨੀ ਦਾ ਰੇਟ ਬਾਕੀ ਠੇਕੇਦਾਰਾ ਨਾਲੋ ਘੱਟ ਪਾਇਆ ਗਿਆ। ਮੈ: ਹਰੀ ਕੰਸਟ੍ਰਕਸ਼ਨ ਕੰਪਨੀ ਨੇ 3.22% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 21,72,000/- ਦਾ ਕੰਮ ਰੁਪਏ 21,02,061/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜੀ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਮਿਤੀ 5.11.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਮਤਾ ਨੰਬਰ:-177
ਵਿਸ਼ਾ:- ਓ.ਐਂਡ ਐਮ. ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦੇ ਤਖਮੀਨੇ ਓ ਐਂਡ ਐਮ. ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾਂ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁੱਕੇ ਹਨ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | W. No | Name of Work | Total Est. Amt. | Name of Agency | Saving %age | Tender Amt. Rs. In Lac | House Resolution | Tender called (No. of times) | No. of Tender received |
|---|---|---|---|---|---|---|---|---|---|
| 1 | 44 | ਬਸਤੀ ਸ਼ੇਖ ਵਿਖੇ ਸੀਵਰੇਜ਼ ਲਾਇਨ ਪਾਉਣ ਬਾਰੇ । | 7,10,481/- | ਇੰਦਰਪਾਲ ਸਿੰਘ | 1.00% | 7,03,376/- | 194(5) dt. 18.10.18 | 6 | 2 |

ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹਨ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਸ਼ਾਖਾ ਨੇ ਵੱਖ ਵੱਖ ਮਿਤੀਆਂ ਰਾਹੀਂ ਇਨ੍ਹਾਂ ਟੈਂਡਰਾਂ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰਬਰ 178 ਤੋਂ ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਮਤਾ ਨੰਬਰ:-178

ਵਿਸ਼ਾ:- ਜ਼ੋਨ ਨੰ: 1, 2, 3, 4, 5, 6 ਅਤੇ 7 ਦੇ ਸਟਰੀਟ ਲਾਇਟ ਦੇ ਰੱਖ ਰੱਖਾਵ ਦੇ ਪ੍ਰਵਾਨਿਤ ਤਖਮੀਨਿਆਂ ਦੀ ਸੇਵਿੰਗ ਵਿੱਚੋ ਅਲਾਟ ਕੰਮਾਂ ਦੀ ਮਿਆਦ ਵਿੱਚ 3 ਮਹੀਨੇ ਦਾ ਵਾਧਾ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 14.10.2019 ਕਿ ਨਗਰ ਨਿਗਮ ਜਲੰਧਰ ਵਿੱਚ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਨੂੰ ਰੱਖ-ਰੱਖਾਵ ਵਾਸਤੇ 7 ਜੋਨਾਂ ਵਿੱਚ ਵੰਡੀਆ ਹੋਇਆ ਹੈ। ਇਹਨਾ ਵੱਖ-ਵੱਖ ਜੋਨਾਂ ਅਧੀਨ ਪੈਂਦੇ ਸਟਰੀਟ ਲਾਇਟ ਦੇ ਰੱਖ ਰੱਖਾਵ ਦੇ ਤਖਮੀਨੇ ਨਗਰ ਨਿਗਮ ਹਾਊਸ ਤੋ ਮਤਾ ਨੰ: 118 ਮਿਤੀ 23.07.18 ਰਾਹੀਂ ਪ੍ਰਵਾਨ ਹੋਣ, ਉਪਰੰਤ ਇਹਨਾ ਕੰਮਾਂ ਦੇ ਟੈਂਡਰ ਅਖਬਾਰਾਂ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਤਖਮੀਨੇ ਵਿੱਚ ਲੋ-ਐਸਟ ਸੇਵਿੰਗ ਦੇਣ ਵਾਲੇ ਠੇਕੇਦਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਟਰੀਟ ਲਾਇਟਾਂ ਰੱਖ ਰੱਖਾਵ ਦਾ ਕੰਮ | ਵਰਕ ਆਰਡਰ ਨੰ: ਮਿਤੀ 17.10.18 | ਅਜੰਸੀ ਦਾ ਨਾ | ਤਖਮੀਨਾ ਰੁਪਏ ਲੱਖਾਂ ਵਿੱਚ | ਸੇਵਿੰਗ | ਤਖਮੀਨੇ ਵਿੱਚੋ ਬੱਚਦੀ ਸੇਵਿੰਗ |
|---|---|---|---|---|---|
| ਜ਼ੋਨ ਨੰ: 1 | CE/ET/14 | ਸਰੀਨ ਕੰਟਰੈਕਟਰ | 4214287/- | 33.33% | 14,04,621/- |
| ਜੋਨ ਨੰ: 2 | CE/ET/19 | ਜਗਦੀਸ਼ ਇਲੈਕਟ੍ਰਿਕਸ ਵਰਕਸ | 5550464/- | 33.33% | 18,49,969/- |
| ਜੋਨ ਨੰ: 3 | CE/ET/18 | ਜਗਦੀਸ਼ ਇਲੈਕਟ੍ਰਿਕਸ ਵਰਕਸ | 5334204/- | 33.33% | 17,77,890/- |
| ਜੋਨ ਨੰ: 4 | CE/ET/16 | ਤਰਨਤਾਰਨ ਇਲੈਕਟ੍ਰਿਕ ਕੰਪਨੀ | 7530182/- | 33.33% | 25,09,809/- |
| ਜ਼ੋਨ ਨੰ: 5 | CE/ET/17 | ਤਰਨਤਾਰਨ ਇਲੈਕਟ੍ਰਿਕ ਕੰਪਨੀ | 5775745/- | 33.33% | 19,25,055/- |
| ਜੋਨ ਨੰ: 6 | CE/ET/20 | ਲੁਥਰਾ ਐਂਟਰਪ੍ਰਾਇਸਿਜ਼ ਜਲੰਧਰ | 5588942/- | 33.33% | 18,62,794/- |
| ਜੋਨ ਨੰ: 7 | CE/ET/15 | ਗੁਰਮ ਇਲੈਕਟ੍ਰਿਕਲ ਕੰਪਨੀ | 4103295/- | 33.33% | 13,67,628/- |

ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 184 ਮਿਤੀ 03.11.18 ਰਾਹੀਂ ਇਹਨਾ ਅਜੰਸੀਆਂ ਦੇ ਰੇਟ ਪ੍ਰਵਾਨ ਹੋਣ ਉਪਰੰਤ ਵਰਕ ਆਰਡਰ ਮਿਤੀ 17-10-18 ਤੋ ਜਾਰੀ ਕੀਤੇ ਗਏ ਸਨ ਅਤੇ ਕੰਮ ਮਿਤੀ 01.11.18 ਤੋ ਸ਼ੁਰੂ ਕਰਕੇ ਕੰਮ ਕਰਨ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਇਹਨਾਂ ਕੰਮਾਂ ਦੀ ਮਿਆਦ ਮਿਤੀ 31.10.19 ਨੂੰ ਖਤਮ ਹੋ ਰਹੀ ਹੈ। ਸਟਰੀਟ ਲਾਇਟਾਂ ਦੇ ਰੱਖ ਰੱਖਾਵ ਲਈ ਨਵੇ ਬਣਾਏ ਗਏ ਤਖਮੀਨੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਭੇਜੇ ਗਏ ਹਨ, ਜਿਸ ਵਿੱਚ ਅਜੇ ਸਮਾਂ ਲਗ ਸਕਦਾ ਹੈ। ਇਸ ਲਈ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਜ਼ੋਨ ਵਿੱਚ ਚੱਲਦੀਆਂ ਸਟਰੀਟ ਲਾਇਟਾਂ ਨੂੰ ਓਪਰੇਸ਼ਨ ਅਤੇ ਮੇਨਟੀਨੈਂਸ ਕਰਨਾ ਅਤਿ ਜਰੂਰੀ ਹੈ। ਇਸ ਲਈ ਉਪਰੋਕਤ ਟੇਬਲ ਵਿੱਚ ਦਰਸ਼ਾਏ ਗਏ ਜ਼ੋਨ 1,2,3,4,5,6 ਅਤੇ 7 ਦੀਆਂ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਦੇ ਕੰਮਾਂ ਦੇ ਵਰਕ ਆਰਡਰ ਦੀ ਮਿਆਦ 3 ਮਹੀਨੇ ਵੱਧਾਈ ਜਾਵੇ। ਇਸ ਵਾਧੂ ਸਮੇ ਲਈ ਕੰਮ ਕਰਵਾਉਣ ਦੀ ਅਦਾਇਗੀ ਠੇਕੇਦਾਰਾਂ ਵੱਲੋਂ ਤਖਮੀਨੇ ਵਿੱਚ ਦਿੱਤੀ ਸੇਵਿੰਗ ਵਿੱਚੋ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।ਉਪਰੋਕਤ ਟੇਬਲ ਅਨੁਸਾਰ ਵਰਕ ਆਰਡਰਾਂ ਦੀ ਮਿਆਦ ਵਿੱਚ 3 ਮਹੀਨੇ ਵਾਧਾ ਉਹਨਾ ਦੇ ਤਖਮੀਨੇ ਵਿੱਚੋ ਸੇਵਿੰਗ ਖਰਚ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋ ਲੋੜੀਂਦੀ ਹੈ।ਨਿਗਰਾਨ ਇੰਜੀਨੀਅਰ (ਲਾਇਟ) ਵਲੋਂ ਮਿਤੀ 14.10.2019 ਰਾਹੀਂ ਲਿਖਿਆ ਹੈ ਕਿ ਉਪਰੋਕਤ ਕੰਮਾਂ ਦੀ ਮਿਅਦਾ ਵਿਚ 3 ਮਹੀਨੇ ਦਾ ਵਾਧਾ ਤਖਮੀਨੇ ਦੀ ਸੇਵਿੰਗ ਵਿਚੋਂ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਲਈ ਲਿਖਿਆ ਹੈ। ਕਮਿਸ਼ਨਰ ਜੀ ਨੇ ਮਿਤੀ : 14.10.2019 ਰਾਹੀ ਉਪਰੋਕਤ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 14.10.2019 ਰਾਹੀ ਉਪਰੋਕਤ ਤਜਵੀਜ਼ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:-** 179

ਵਿਸ਼ਾ:- Temporary Installing of 500 Watt Halogen Flood Light in Basti Bawa Khel Canal to Basti Bawa Khel Ganda Naala. (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 2,40,000/- ਕੁੱਲ ਪ੍ਰਾਪਤ ਟੈਂਡਰ 3 (ਪਹਿਲੀ ਬਾਰੀ)
ਟੈਂਡਰ ਅਮਾਉਂਟ ਰੁਪਏ 2,38,800/- ਸੇਵਿੰਗ 0.50%
ਅਜੰਸੀ ਦਾ ਨਾਮ:- ਸਰੀਨ ਕੰਟਰੈਕਟਰ

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 3.11.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ 550 ਸਾਲਾਂ ਪ੍ਰਕਾਸ਼ ਪੂਰਵ ਬਹੁਤ ਹੀ ਧੂਮ-ਧਾਮ ਨਾਲ ਸੁਲਾਤਨਪੁਰ ਲੋਧੀ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਦੇਸ਼-ਵਿਦੇਸ਼ ਤੋ ਸ਼ਰਧਾਲੂ ਪਹੁੰਚ ਰਹੇ ਹਨ। ਇਸ ਸ਼ੁਭ ਦਿਹਾੜੇ ਨੂੰ ਮਨਾਉਣ ਵਾਸਤੇ ਜਲੰਧਰ ਅਤੇ ਦੂਸਰੇ ਸ਼ਹਿਰਾਂ ਵਿੱਚੋ ਵੀ ਬਹੁਤ ਭਾਰੀ ਤਾਦਾਦ ਵਿੱਚ ਸ਼ਰਧਾਲੂਆਂ ਵੱਲੋਂ ਬਸਤੀ ਬਾਵਾ ਖੇਲ ਮੇਨ ਕਪੂਰਥਲਾ ਰੋਡ ਤੋ ਹੁੰਦੇ ਹੋਏ ਸੁਲਾਤਾਨਪੁਰ ਲੋਧੀ ਵਿਖੇ ਪਹੁੰਚਣਾ ਹੈ, ਪਰੰਤੂ ਇਸ ਰੋਡ ਤੇ ਕੋਈ ਵੀ ਸਟਰੀਟ ਲਾਇਟ ਦੀ ਪ੍ਰੋਵੀਜਨ ਨਹੀਂ ਹੈ, ਜਿਸ ਦੇ ਸਬੰਧ ਵਿੱਚ ਮਾਨਯੋਗ ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਹੁਕਮ ਕੀਤੇ ਹਨ ਕਿ ਇਸ ਰੋਡ ਤੇ ਆਰਜੀ ਤੌਰ ਤੇ ਹੈਲੋਜਨ ਫੱਲਡ ਲਾਇਟਾ ਲਗਾਇਆਂ ਜਾਣ ਤਾਂ ਜ਼ੋ ਸੁਲਤਾਨਪੁਰ ਲੋਧੀ ਵਿਖੇ ਜਾ ਰਹੇ ਸਰਧਾਲੂਆਂ ਨੂੰ ਰਾਤ ਦੇ ਸਮੇ ਕੋਈ ਰੁਕਾਵਟ ਪੇਸ਼ ਨਾ ਆਵੇ। ਇਸ ਲਈ ਬਸਤੀ ਬਾਵਾ ਖੇਲ ਕਨਾਲ ਤੋ ਬਸਤੀ ਬਾਵਾ ਖੇਲ ਗੰਦੇ ਨਾਲੇ ਤੱਕ ਮੇਨ ਕਪੂਰਥਲਾ ਰੋਡ ਤੇ 500 ਵਾਟ ਦੀਆਂ ਹੈਲੋਜਨ ਫੱਲਡ ਲਾਇਟਾਂ ਆਰਜੀ ਤੋਰ ਤੇ ਲਗਵਾਉਣ ਲਈ ਤਖਮੀਨਾ ਰੁਪਏ 2,40,000/- ਦਾ ਤਿਆਰ ਕੀਤਾ ਗਿਆ, ਇਸ ਤਖਮੀਨੇ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਵੱਲੋਂ ਇਨਐਂਟੀਸਿਪੇਸ਼ਨ ਅਰਪੂਵਲ ਆਫ ਹਾਊਸ ਮਿਤੀ 17.10.19 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਈ-ਟੈਂਡਰਿੰਗ ਰਾਹੀਂ ਅਖਬਾਰਾਂ ਲਈ ਮਿਤੀ 05.11.19 ਲਈ ਠੇਕੇਦਾਰਾਂ ਤੋਂ ਮੰਗੇ ਗਏ ਸਨ, ਕੁੱਲ 3 ਠੇਕੇਦਾਰਾਂ ਦੇ ਟੈਂਡਰ ਪ੍ਰਾਪਤ ਹੋਏ। ਇਹਨਾ ਠੇਕੇਦਾਰਾਂ ਦੀਆਂ ਤਕਨੀਕੀ ਬਿਡਾਂ ਪਖੋ ਮਿਆਰ ਤੇ ਪੂਰੀਆਂ ਸਨ। ਇਹਨਾ ਠੇਕੇਦਾਰਾਂ ਦੀਆਂ ਵਿੱਤੀ ਬਿਡ ਖੋਲਣ ਉਪਰੰਤ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ ਅਤੇ ਮੈ: ਸਰੀਨ ਕੰਟਰੈਕਟਰ ਦਾ ਰੇਟ ਬਾਕੀ ਠੇਕੇਦਾਰਾ ਨਾਲੋ ਘੱਟ ਪਾਇਆ ਗਿਆ। ਮੈ: ਸਰੀਨ ਕੰਟਰੈਕਟਰ ਨੇ 0.50% ਸੇਵਿੰਗ ਦਿੱਤੀ ਹੈ, ਜਿਸ ਅਨੁਸਾਰ ਤਖਮੀਨਾ ਰੁਪਏ 2,40,000/- ਦਾ ਕੰਮ ਰੁਪਏ 2,38,800/- ਵਿੱਚ ਹੋਣਾ ਹੈ। ਇਹ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ।ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨੀਅਰ (ਲਾਇਟ) ਵਲੋਂ ਮਿਤੀ 14.10.2019 ਰਾਹੀਂ ਲਿਖਿਆ ਹੈ ਕਿ ਉਪਰੋਕਤ ਕੰਮ ਕਰਵਾਉਣਾ ਅਤੀ ਜਰੂਰੀ ਹੈ ਇਸ ਟੈਂਡਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਲਈ ਲਿਖਿਆ ਹੈ। ਕਮਿਸ਼ਨਰ ਜੀ ਨੇ ਮਿਤੀ : 5.11.2019 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 5.11.2019 ਰਾਹੀ ਉਪਰੋਕਤ ਟੈਂਡਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਟੈਂਡਰ ਅੰਤਿਮ ਪ੍ਰਵਾਨਗੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਮਤਾ ਨੰਬਰ:- 180

ਵਿਸ਼ਾ :- ਸਿੰਘ ਅਰਥ ਮੂਵਰਜ ਠੇਕੇਦਾਰ ਦੇ ਕੂੜਾ ਚੁਕਨ ਵਾਲੇ ਟਿੱਪਰਾਂ ਅਤੇ ਜੀ.ਸੀ.ਬੀ ਦੀ ਐਵਰੈਜ ਸਬੰਧੀ।

ਪੜਿਆ ਨੋਟ ਹੈਲਥ ਸ਼ਾਖਾ ਜਿਸ ਨਾਲ ਸਿਹਤ ਅਫ਼ਸਰ ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵੱਲੋਂ NIT No.MCJ/Health/2018-19 ਮਿਤੀ. 07-08-18 ਰਾਹੀਂ 6 ਟਿੱਪਰ ਅਤੇ 2 ਜੇ.ਸੀ.ਬੀ. ਮਸ਼ੀਨਾਂ ਕੂੜਾ ਚੁਕਣ ਵਾਸਤੇ ਟੈਂਡਰ ਭਰੇ ਗਏ ਸਨ। ਟੈਂਡਰ ਪ੍ਰਾਪਤ ਹੋਣ ਉਪਰੰਤ M/s Singh Earth Movers ਦੇ ਰੇਟ ਸਭ ਤੋਂ ਘੱਟ ਪਾਏ ਗਏ ਹਨ। ਜਿਸ ਨੂੰ ਵਰਕ ਆਰਡਰ ਨੰ. 3/H/D ਮਿਤੀ. 18-02-2019 ਰਾਹੀਂ ਕੰਮ ਦਿੱਤਾ ਗਿਆ ਸੀ। ਟੈਂਡਰ ਕੰਡਿਸ਼ਨਾਂ ਵਿੱਚ ਇਹ ਕਿਹਾ ਗਿਆ ਸੀ ਕਿ ਠੇਕੇਦਾਰ ਦੀ ਅਦਾਇਗੀ ਗੱਡੀਆਂ/ਮਸ਼ੀਨਰੀ ਦੀ ਐਵਰੈਜ ਦੇ ਹਿਸਾਬ ਨਾਲ ਦਿੱਤੀ ਜਾਵੇਗੀ। M/s Singh Earth Movers ਠੇਕੇਦਾਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਵੱਲੋਂ ਜਿਹੜੇ 10 ਟਾਇਰੀ ਟਿੱਪਰ/ਮਸ਼ੀਨਰੀ ਚੱਲ ਰਹੇ ਹਨ।ਉਸ ਦੀ ਐਵਰੇਜ਼ ਕੰਪਨੀ ਦੇ ਡਿੱਲਰ ਵੱਲੋਂ ਮੰਗੀ ਗਈ ਸੀ।ਪਰ ਕੰਪਨੀ ਦੇ ਡਿੱਲਰ ਵੱਲੋਂ ਐਵਰੇਜ਼ ਦੇਣ ਵਿੱਚ ਅਸੱਮਰਥਾ ਜਹਿਰ ਕੀਤੀ ਗਈ ਹੈ।ਜਿਸ ਕਾਰਨ ਠੇਕੇਦਾਰ ਵੱਲੋਂ ਬਾਰ-ਬਾਰ ਦੱਸਿਆ ਜਾ ਰਿਹਾ ਹੈ ਕਿ ਬਿੱਲ ਤਿਆਰ ਨਹੀਂ ਕੀਤਾ ਜਾ ਸਕਿਆ।ਇਸ ਦੇ ਹੱਲ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਪਿਛਲੇ ਕਾਫੀ ਸਮੇਂ ਤੋਂ 6 ਟਾਇਰੀ ਟਿੱਪਰ/ਜੇ.ਸੀ.ਬੀ. ਮਸ਼ੀਨਾਂ ਚੱਲ ਰਹੇ ਹਨ।ਨਗਰ ਨਿਗਮ ਜਲੰਧਰ ਵਿੱਚ ਚੱਲ ਰਹੇ 6 ਟਾਇਰੀ ਟਿੱਪਰ ਜਿਹਨਾਂ ਦੀ ਐਵਰੇਜ਼ ਲਾਗ ਬੁੱਕ ਵਿੱਚ 3 ਕਿ.ਮੀ. ਪ੍ਰਤੀ ਲੀਟਰ ਦਿੱਤੀ ਜਾਂਦੀ ਹੈ ਜੋ ਕਿ 8.5 Cum ਦੇ ਹਨ ਅਤੇ ਜੇ.ਸੀ.ਬੀ. ਮਸ਼ੀਨ ਨੂੰ ਲਾਗ ਬੁੱਕ ਵਿੱਚ 7.5 ਲੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ।ਕਿਉਂਕਿ ਕੰਪਨੀ ਵੱਲੋ ਇਸ ਸਬੰਧੀ ਅਸੱਮਰਥਾ ਦੱਸੀ ਗਈ ਹੈ ਅਤੇ ਸ਼ਹਿਰ ਦਾ ਅਤਿ ਜਰੂਰੀ ਕੂੜਾ ਚੁਕਣ ਦਾ ਕੰਮ ਇਹਨਾਂ 10 ਟਾਇਰੀ ਟਿੱਪਰਾਂ ਅਤੇ ਜੇ.ਸੀ.ਬੀ ਮਸ਼ੀਨਾਂ ਵੱਲੋਂ ਕੀਤਾ ਜਾ ਰਿਹਾ ਹੈ।ਇਹ ਕੰਮ ਅਤਿ ਜਰੂਰੀ ਹੈ। ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਨੂੰ ਅਧਾਰ ਮੰਨਦੇ ਹੋਏ ਜੇਕਰ ਉੱਚ-ਅਧਿਕਾਰੀ ਸਹਿਮਤ ਹੋਣ ਤਾਂ ਠੇਕੇਦਾਰ ਵੱਲੋਂ ਚਲਾਏ ਜਾ ਰਹੇ 10 ਟਾਇਰੀ ਟਿੱਪਰ ਜ਼ੋ ਕਿ 14 Cum ਦੇ ਹਨ ਨੂੰ 1.75 ਕਿ.ਮੀ. ਪ੍ਰਤੀ ਲੀਟਰ ਦੀ ਐਵਰੈਜ ਨਗਰ ਨਿਗਮ ਵੱਲੋਂ ਚਲਾਈਆਂ ਜਾ ਰਹੀਆਂ 6 ਟਾਇਰੀ ਟਿੱਪਰ 8.5 Cum ਦੇ ਅਨੁਪਾਤ ਅਤੇ ਜੇ.ਸੀ.ਬੀ. ਮਸ਼ੀਨ ਨੂੰ 7.5 ਲੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਦੇਣ ਦੀ ਪ੍ਰਵਾਨਗੀ ਦਿੱਤੀ ਜਾਵੇ। ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 2.8.19 ਨੂੰ ਗੱਡੀਆਂ ਦੀ ਸਹੀ ਐਵਰੇਜ਼ ਚੈਕ ਕਰਨ ਲਈ ਸ੍ਰੀ ਯਸ਼ਪਾਲ, ਜੇ.ਈ. ਅਤੇ ਸ੍ਰੀ ਧੀਰਜ, ਸੈਨਟਰੀ ਇੰਸਪੈਕਟਰ ਦੀ ਡਿਊਟੀ ਲਗਾਈ ਗਈ ।

ਸ੍ਰੀ ਯਸ਼ਪਾਲ, ਜੇ.ਈ. ਅਤੇ ਸ੍ਰੀ ਧੀਰਜ, ਸੈਨਟਰੀ ਇੰਸਪੈਕਟਰ ਵਲੋਂ ਮਿਤੀ 8.8.2019 ਨੂੰ ਰਿਪੋਰਟ ਕੀਤੀ ਗਈ ਕਿ ਮੌਕੇ ਤੇ ਮਿਤੀ 8.8.19 ਨੂੰ ਮਾਡਲ ਟਾਊਨ ਸ਼ਮਸ਼ਾਨ ਘਾਟ ਤੋਂ ਟਿੱਪਰ ਨੰ: ਪੀ.ਬੀ.02-9967 ਦੀ ਡੀਜ਼ਲ ਟੈਂਕੀ ਨੂੰ ਚੈਕ ਕੀਤਾ ਗਿਆ ਅਤੇ ਬਕਾਇਆ ਤੇਲ ਕੱਢ ਲਿਆ ਗਿਆ ਤੇ ਮੌਕੇ ਤੇ 40 ਲੀਟਰ ਤੇਲ ਪਾਇਆ ਗਿਆ ਅਤੇ ਮਾਡਲ ਟਾਊਨ ਸ਼ਮਸ਼ਾਨ ਘਾਟ ਤੋਂ ਵਰਿਆਣਾ ਡੰਪ ਤੱਕ 3 ਚੱਕਰ ਲਗਾਏ ਗਏ ਤੇ ਟੈਂਕੀ ਨੂੰ ਖ਼ਾਲੀ ਕੀਤਾ ਗਿਆ ਅਤੇ ਉਸ ਵਿੱਚ 5 ਲੀਟਰ ਤੇਲ ਬਚਿਆ ਪਾਇਆ ਗਿਆ । ਇਸ ਤਰ੍ਹਾਂ 35 ਲੀਟਰ ਤੇਲ ਵਿੱਚ 66 ਕਿਲੋ ਮੀਟਰ ਗੱਡੀ ਚੱਲੀ ਅਤੇ ਇਸ ਦੀ ਐਵਰੇਜ਼ 1.88 ਬਣਦੀ ਹੈ ਤੇ ਇਸ ਨੂੰ 1.90 ਦੀ ਐਵਰੇਜ਼ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਸਿਹਤ ਅਫ਼ਸਰ ਨੇ ਮਿਤੀ 16.8.2019 ਨੂੰ ਸਿਫਾਰਸ਼ ਕੀਤੀ ਹੈ।ਕਮਿਸ਼ਨਰ ਜੀ ਨੇ ਮਿਤੀ 19.8.2019 ਨੂੰ ਮਾਮਲੇ ਨੂੰ ਫਾਈਨਲ ਕਰਨ ਤੋਂ ਪਹਿਲਾਂ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਲਿਖਿਆ ਹੈ ।

ਤਜਵੀਜ਼ ਮੇਅਰ ਜੀ ਦੇ ਹੁਕਮਾਂ ਨਾਲ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ ।

ਫੈਸਲਾ :

ਵਿਚਾਰ ਵਟਾਂਦਰੇ ਦੌਰਾਣ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਨੇ ਇਸ ਸਬੰਧੀ ਇੱਕ ਰਿਪੋਰਟ ਪੇਸ਼ ਕੀਤੀ ਕਿ ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਦੇ ਹੁਕਮਾਂ ਰਾਹੀਂ ਉਹਨਾਂ ਨੂੰ ਨਗਰ ਨਿਗਮ ਜਲੰਧਰ ਦੀ ਹੈਲਥ ਸ਼ਾਖਾ ਵਿੱਚ ਚੱਲ ਰਹੇ ਟਿੱਪਰਾਂ ਦੀ ਐਵਰੇਜ਼ ਚੈਕ ਕਰਨ ਸਬੰਧੀ ਅਧਿਕਾਰਤ ਕੀਤਾ ਗਿਆ ਸੀ । ਇਸ ਸਬੰਧ ਵਿੱਚ ਉਹਨਾਂ ਵਲੋਂ ਸ੍ਰੀ ਪਵਨ ਕੁਮਾਰ, ਐਸ.ਆਈ. ਨੂੰ ਮਿਤੀ 23.10.2019 ਨੂੰ ਨਾਲ ਲੈ ਕੇ 10 ਟਾਇਰੀ ਟਿੱਪਰ ਨੰ: ਪੀ.ਬੀ. 08ਬੀ.ਸੀ./9846 ਦੇ ਵਿੱਚ ਬੈਠਕੇ ਅਤੇ ਜੀ.ਪੀ.ਐਸ. ਸਿਸਟਮ ਨਾਲ ਮਿਲਾਣ ਕਰਕੇ ਟਿੱਪਰ ਦੀ ਐਵਰੇਜ਼ 3.31 ਕਿਲੋਮੀਟਰ ਪ੍ਰਤੀ ਲੀਟਰ ਨਾਲ ਕੱਢੀ ਹੈ। ਕਾਪੀਆਂ ਨਾਲ ਨੱਥੀ ਹਨ ਜੀ ।ਇਸ ਉਪਰੰਤ ਫੈਸਲਾ ਹੋਇਆ ਕਿ ਦਫ਼ਤਰ ਦੀ ਤਜ਼ਵੀਜ਼ ਅਤੇ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਵਲੋਂ ਦਿੱਤੀ ਗਈ ਰਿਪੋਰਟ ਤੇ ਡੀ.ਸੀ.ਐਫ.ਏ. (ਆਰ) ਵਲੋਂ ਆਪਣੀ ਰਿਪੋਰਟ ਦਿੱਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:- 181**

ਵਿਸ਼ਾ:- ਪ੍ਰੋਵਾਈਡਿੰਗ/ਲੇਇੰਗ ਆਫ ਬੀ.ਐਮ. ਐਂਡ ਪੀ.ਸੀ. ਆਨ ਰੋਡ ਗੁਰੂ ਨਾਨਕ ਪੁਰਾ ਰੇਲਵੇ ਕਰੋਸਿੰਗ ਟੂ ਲੱਧੇਵਾਲੀ। (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ ਰੁ:91.86 ਲੱਖ ਸੋਧਿਆ/ਵੈਟਿਡ ਤਖਮੀਨਾ ਰੁ:90.11 ਲੱਖ
ਸੇਵਿੰਗ 1.08% ਟੈਂਡਰ ਅਮਾਉਂਟ ਰੁ:89.14 ਲੱਖ
ਠੇਕੇਦਾਰ ਦਾ ਨਾਮ : ਸਤੀਸ਼ ਅਗਰਵਾਲ ਐਂਡ ਕੰਪਨੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਉਪਰੋਕਤ ਕੰਮ ਦੇ ਪਹਿਲੀ ਵਾਰ ਟੈਂਡਰ ਐਨ.ਆਈ.ਟੀ. ਨੰ:562 ਮਿਤੀ:23.01.2019 ਰਾਹੀਂ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਇਸ ਉਪਰੰਤ ਦੂਸਰੀ ਵਾਰ ਟੈਂਡਰ ਐਨ.ਆਈ.ਟੀ. ਨੰ:468 ਮਿਤੀ:18.02.2019 ਰਾਹੀਂ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਫਿਰ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਐਨ.ਆਈ.ਟੀ. ਨੰ:554 ਮਿਤੀ:13.08.2019 ਰਾਹੀਂ ਮੰਗੇ ਤੇ ਇੱਕ ਟੈਂਡਰ ਵਸੂਲ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਨੰ:5/82/2018-2lg4/1892, Dt.02.08.18 ਅਨੁਸਾਰ ਜੇਕਰ ਤੀਸਰੀ ਵਾਰ 3 ਟੈਂਡਰਾਂ ਤੋਂ ਘੱਟ ਟੈਂਡਰ ਪ੍ਰਾਪਤ ਹੁੰਦੇ ਹਨ ਤਾਂ ਟੈਂਡਰ ਖੋਲ੍ਹੇ ਜਾ ਸਕਦੇ ਹਨ। ਇਸ ਟੈਂਡਰ ਦੀ ਤਕਨੀਕੀ ਬਿਡ ਮਿਤੀ:28.08.2019 ਨੂੰ ਖੋਲ੍ਹੀ ਗਈ ਅਤੇ ਏਜੰਸੀ ਦੇ ਦਸਤਾਵੇਜ ਦਰੁਸਤ ਪਾਏ ਗਏ। ਇਸ ਉਪਰੰਤ ਇਸ ਟੈਂਡਰ ਦੀ ਵਿੱਤੀ ਬਿਡ ਖੋਲ੍ਹੀ ਗਈ ਅਤੇ ਏਜੰਸੀ ਵੱਲੋਂ 1.08% ਸੇਵਿੰਗ ਦਿੱਤੀ ਗਈ ਹੈ ਜੋ ਕਿ ਤੀਜੀ ਵਾਰ ਟੈਂਡਰ ਪ੍ਰਾਪਤ ਹੋਣ ਕਾਰਨ ਵਾਜਿਬ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਏਜੰਸੀ ਨੂੰ ਵਰਕ ਆਰਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਲਏ ਗਏ ਰੇਟਾਂ ਦੇ ਫੈਸਲੇ ਅਨੁਸਾਰ ਹੀ ਅਲਾਟ ਕੀਤਾ ਜਾਵੇਗਾ।

ਉਪਰੋਕਤ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਨ ਹਿੱਤ ਨਿਗਰਾਨ ਇੰਜੀਨੀਅਰ(ਬੀ. ਐਂਡ ਆਰ.) ਜੀ ਦੇ ਪੱਤਰ ਨੰ:ਐਸ.ਈ.(ਬੀ. ਐਂਡ ਆਰ.)ਐਨ.ਆਈ.ਟੀ./596 ਮਿਤੀ:24.10.19 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀ ਗਈ ਅਤੇ ਇਹ ਤੁਲਨਾਤਮਕ ਸੂਚੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ:ਸੀਈ-2019/52436 ਮਿਤੀ:07.11.19 ਰਾਹੀਂ ਟੈਂਡਰ ਅਮਾਉਂਟ ਰੁ:88,28,205/- ਤੇ ਵੈਟ ਕੀਤੀ ਗਈ।ਉਪਰੋਕਤ ਨੂੰ ਮੁੱਖ ਰਖਦੇ ਹੋਏ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਟੈਂਡਰ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

ਮਤਾ ਨੰਬਰ:- 182

ਵਿਸ਼ਾ:- ਪ੍ਰੋਵਾਈਡਿੰਗ/ਲੇਇੰਗ ਬੀ.ਸੀ. ਆਨ ਮੇਨ ਰੋਡ ਅਲਾਸਕਾ ਚੌਂਕ ਟੂ ਮਦਨ ਫਲੋਰ ਮਿਲ ਚੌਂਕ।
(ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ ਰੁ:51.57 ਲੱਖ ਟੈਂਡਰ ਅਮਾਊਂਟ ਰੁ:51.01ਲੱਖ
ਸੇਵਿੰਗ 1.08% ਠੇਕੇਦਾਰ ਦਾ ਨਾਮ: ਸਤੀਸ਼ ਅਗਰਵਾਲ ਐਂਡ ਕੰਪਨੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਉਪਰੋਕਤ ਕੰਮ ਦੇ ਪਹਿਲੀ ਵਾਰ ਟੈਂਡਰ ਐਨ.ਆਈ.ਟੀ. ਨੰ:475 ਮਿਤੀ:28.02.2019 ਰਾਹੀਂ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਇਸ ਉਪਰੰਤ ਦੂਸਰੀ ਵਾਰ ਟੈਂਡਰ ਐਨ.ਆਈ.ਟੀ. ਨੰ:552 ਮਿਤੀ:08.08.2019 ਰਾਹੀਂ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਫਿਰ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਐਨ.ਆਈ.ਟੀ. ਨੰ:568 ਮਿਤੀ:11.09.2019 ਰਾਹੀਂ ਮੰਗੇ ਤੇ ਇੱਕ ਟੈਂਡਰ ਵਸੂਲ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਨੰ:5/82/2018-2lg4/1892, Dt.02.08.18 ਅਨੁਸਾਰ ਜੇਕਰ ਤੀਸਰੀ ਵਾਰ 3 ਟੈਂਡਰਾਂ ਤੋਂ ਘੱਟ ਟੈਂਡਰ ਪ੍ਰਾਪਤ ਹੁੰਦੇ ਹਨ ਤਾਂ ਟੈਂਡਰ ਖੋਲ੍ਹੇ ਜਾ ਸਕਦੇ ਹਨ। ਇਸ ਟੈਂਡਰ ਦੀ ਤਕਨੀਕੀ ਬਿਡ ਮਿਤੀ:28.08.2019 ਨੂੰ ਖੋਲ੍ਹੀ ਗਈ ਅਤੇ ਏਜੰਸੀ ਦੇ ਦਸਤਾਵੇਜ ਦਰੁਸਤ ਪਾਏ ਗਏ। ਇਸ ਉਪਰੰਤ ਇਸ ਟੈਂਡਰ ਦੀ ਵਿੱਤੀ ਬਿਡ ਖੋਲ੍ਹੀ ਗਈ ਅਤੇ ਏਜੰਸੀ ਵੱਲੋਂ 1.08% ਸੇਵਿੰਗ ਦਿੱਤੀ ਗਈ ਹੈ ਜੋ ਕਿ ਤੀਜੀ ਵਾਰ ਟੈਂਡਰ ਪ੍ਰਾਪਤ ਹੋਣ ਕਾਰਨ ਵਾਜਿਬ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਏਜੰਸੀ ਨੂੰ ਵਰਕ ਆਰਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਲਏ ਗਏ ਰੇਟਾਂ ਦੇ ਫੈਸਲੇ ਅਨੁਸਾਰ ਹੀ ਅਲਾਟ ਕੀਤਾ ਜਾਵੇਗਾ।

ਉਪਰੋਕਤ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਨ ਹਿੱਤ ਨਿਗਰਾਨ ਇੰਜੀਨੀਅਰ(ਬੀ. ਐਂਡ ਆਰ.) ਜੀ ਦੇ ਪੱਤਰ ਨੰ:ਐਸ.ਈ.(ਬੀ. ਐਂਡ ਆਰ.)ਐਨ.ਆਈ.ਟੀ./594 ਮਿਤੀ:24.10.19 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀ ਗਈ ਅਤੇ ਇਹ ਤੁਲਨਾਤਮਕ ਸੂਚੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ:ਸੀਈ-2019/52436 ਮਿਤੀ:07.11.19 ਰਾਹੀਂ ਟੈਂਡਰ ਅਮਾਊਂਟ ਰੁ:51,01,304/- ਤੇ ਵੈਟ ਕੀਤੀ ਗਈ।ਉਪਰੋਕਤ ਨੂੰ ਮੁੱਖ ਰਖਦੇ ਹੋਏ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ । ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਟੈਂਡਰ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.11.2019

**ਮਤਾ ਨੰਬਰ:- 183**

ਵਿਸ਼ਾ:- ਪ੍ਰੋਵਾਈਡਿੰਗ/ਲੇਇੰਗ ਆਫ ਬੀ.ਐਮ. ਐਂਡ ਪੀ.ਸੀ. ਫਰਾਮ ਘਾਸ ਮੰਡੀ ਚੌਂਕ ਟੂ ਐਮ.ਸੀ. ਲਿਮਿਟ। (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ ਰੁ:59.00 ਲੱਖ ਟੈਂਡਰ ਅਮਾਉਂਟ ਰੁ:58.36 ਲੱਖ

ਸੇਵਿੰਗ 1.08% ਠੇਕੇਦਾਰ ਦਾ ਨਾਮ: ਸਤੀਸ਼ ਅਗਰਵਾਲ ਐਂਡ ਕੰਪਨੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਉਪਰੋਕਤ ਕੰਮ ਦੇ ਪਹਿਲੀ ਵਾਰ ਟੈਂਡਰ ਐਨ.ਆਈ.ਟੀ. ਨੰ:562 ਮਿਤੀ:23.01.2019 ਰਾਹੀਂ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਇਸ ਉਪਰੰਤ ਦੂਸਰੀ ਵਾਰ ਟੈਂਡਰ ਐਨ.ਆਈ.ਟੀ. ਨੰ:468 ਮਿਤੀ:18.02.2019 ਰਾਹੀਂ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਫਿਰ ਤੀਸਰੀ ਵਾਰ ਇਸ ਕੰਮ ਦੇ ਟੈਂਡਰ ਐਨ.ਆਈ.ਟੀ. ਨੰ:554 ਮਿਤੀ:13.08.2019 ਰਾਹੀਂ ਮੰਗੇ ਤੇ ਇੱਕ ਟੈਂਡਰ ਵਸੂਲ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਨੰ:5/82/2018-2lg4/**1892, Dt.02.08.18** ਅਨੁਸਾਰ ਜੇਕਰ ਤੀਸਰੀ ਵਾਰ 3 ਟੈਂਡਰਾਂ ਤੋਂ ਘੱਟ ਟੈਂਡਰ ਪ੍ਰਾਪਤ ਹੁੰਦੇ ਹਨ ਤਾਂ ਟੈਂਡਰ ਖੋਲ੍ਹੇ ਜਾ ਸਕਦੇ ਹਨ। ਇਸ ਟੈਂਡਰ ਦੀ ਤਕਨੀਕੀ ਬਿਡ ਮਿਤੀ:28.08.2019 ਨੂੰ ਖੋਲ੍ਹੀ ਗਈ ਅਤੇ ਏਜੰਸੀ ਦੇ ਦਸਤਾਵੇਜ ਦਰੁਸਤ ਪਾਏ ਗਏ। ਇਸ ਉਪਰੰਤ ਇਸ ਟੈਂਡਰ ਦੀ ਵਿੱਤੀ ਬਿਡ ਖੋਲ੍ਹੀ ਗਈ ਅਤੇ ਏਜੰਸੀ ਵੱਲੋਂ 1.08% ਸੇਵਿੰਗ ਦਿੱਤੀ ਗਈ ਹੈ ਜੋ ਕਿ ਤੀਜੀ ਵਾਰ ਟੈਂਡਰ ਪ੍ਰਾਪਤ ਹੋਣ ਕਾਰਨ ਵਾਜਿਬ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਏਜੰਸੀ ਨੂੰ ਵਰਕ ਆਰਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਲਏ ਗਏ ਰੇਟਾਂ ਦੇ ਫੈਸਲੇ ਅਨੁਸਾਰ ਹੀ ਅਲਾਟ ਕੀਤਾ ਜਾਵੇਗਾ।

ਉਪਰੋਕਤ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਨ ਹਿੱਤ ਨਿਗਰਾਨ ਇੰਜੀਨੀਅਰ(ਬੀ. ਐਂਡ ਆਰ.) ਜੀ ਦੇ ਪੱਤਰ ਨੰ:ਐਸ.ਈ.(ਬੀ. ਐਂਡ ਆਰ.)ਐਨ.ਆਈ.ਟੀ./596 ਮਿਤੀ:24.10.19 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀ ਗਈ ਅਤੇ ਇਹ ਤੁਲਨਾਤਮਕ ਸੂਚੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ:ਸੀਈ-2019/52436 ਮਿਤੀ:07.11.19 ਰਾਹੀਂ ਟੈਂਡਰ ਅਮਾਉਂਟ ਰੁ:58,36,280/- ਤੇ ਵੈਟ ਕੀਤੀ ਗਈ।ਉਪਰੋਕਤ ਨੂੰ ਮੁੱਖ ਰਖਦੇ ਹੋਏ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਟੈਂਡਰ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.11.2019